Australia Day
Reflect. Respect. Celebrate.

2026
Community Events
Grant Program

NADC National Australia Day Council

# ਤੱਥ ਸ਼ੀਟ

*ਆਸਟ੍ਰੇਲੀਆ ਦਿਵਸ 2026 ਭਾਈਚਾਰਕ ਸਮਾਗਮਾਂ ਲਈ ਗ੍ਰਾਂਟ ਪ੍ਰੋਗਰਾਮ*

**ਆਸਟ੍ਰੇਲੀਆ ਦਿਵਸ 2026 ਭਾਈਚਾਰਕ ਸਮਾਗਮਾਂ ਲਈ ਗ੍ਰਾਂਟ ਪ੍ਰੋਗਰਾਮ**

| | |
|---|---|
| **ਖੁੱਲ੍ਹਣ ਦੀ ਮਿਤੀ:** | **13 ਅਗਸਤ 2025** |
| **ਬੰਦ ਹੋਣ ਦੀ ਤਰੀਕ ਅਤੇ ਸਮਾਂ:** | **08 ਸਤੰਬਰ 2025** |
| **ਪੁੱਛਗਿੱਛਾਂ:** | **ਜੇ ਤੁਹਾਡੇ ਕੋਈ ਸਵਾਲ ਹਨ, ਤਾਂ grants@australiaday.org.au (ਸੰਪਰਕ ਅਧਿਕਾਰੀ) ਨਾਲ ਸੰਪਰਕ ਕਰੋ।** |

## ਗ੍ਰਾਂਟ ਦੀ ਸੰਖੇਪ ਜਾਣਕਾਰੀ

ਨੈਸ਼ਨਲ ਆਸਟ੍ਰੇਲੀਆ ਡੇਅ ਕੌਂਸਲ (NADC) ਆਸਟ੍ਰੇਲੀਆ ਦੀਆਂ ਸਥਾਨਕ ਕੌਂਸਲਾਂ, ਰਾਜ ਜਾਂ ਕੇਂਦਰੀ ਪ੍ਰਦੇਸ਼ਾਂ ਦੀਆਂ ਸਰਕਾਰੀ ਏਜੰਸੀਆਂ ਅਤੇ ਗੈਰ-ਮੁਨਾਫ਼ਾ ਸੰਸਥਾਵਾਂ ਨੂੰ 26 ਜਨਵਰੀ 2026 ਨੂੰ ਸਭ ਦੀ ਸ਼ਮੂਲੀਅਤ ਵਾਲੇ ਆਸਟ੍ਰੇਲੀਆ ਦਿਵਸ ਦੇ ਸਮਾਗਮਾਂ ਨੂੰ ਚਲਾਉਣ ਵਿੱਚ ਸਹਾਇਤਾ ਲੈਣ ਲਈ ਅਰਜ਼ੀ ਦੇਣ ਦਾ ਸੱਦਾ ਦਿੰਦੀ ਹੈ। ਇਸ ਦਾ ਥੀਮ "ਸੋਚਣ, ਸਤਿਕਾਰ ਕਰਨ, ਜਸ਼ਨ ਮਨਾਉਣ" ਨਾਲ ਮੇਲ ਖਾਂਦਾ ਹੈ। 2026 ਦੇ ਭਾਈਚਾਰਕ ਸਮਾਗਮਾਂ ਲਈ ਗ੍ਰਾਂਟ ਪ੍ਰੋਗਰਾਮ, ਦੇਸ਼ ਭਰ ਵਿੱਚ ਪ੍ਰਭਾਵਸ਼ਾਲੀ, ਦਿਲਚਸਪ ਅਤੇ ਯਾਦਗਾਰੀ ਗਤੀਵਿਧੀਆਂ ਪ੍ਰਦਾਨ ਕਰਨ ਵਿੱਚ ਭਾਈਚਾਰਿਆਂ ਦੀ ਮਦਦ ਕਰਨ ਲਈ 4.5 ਮਿਲੀਅਨ ਡਾਲਰ (GST ਤੋਂ ਬਿਨਾਂ) ਵੰਡੇਗਾ।

## ਮਾਲੀ ਸਹਾਇਤਾ

ਅਰਜ਼ੀ ਦੇਣ ਵਾਲੇ ਮਾਲੀ ਸਹਾਇਤਾ ਦੇ ਪੱਧਰ ਲਈ ਅਰਜ਼ੀ ਦੇਣ ਦੀ ਚੋਣ ਕਰ ਸਕਦੇ ਹਨ ਜੋ ਉਨ੍ਹਾਂ ਦੀਆਂ ਜ਼ਰੂਰਤਾਂ ਦੇ ਅਨੁਕੂਲ ਹੈ:

- **ਬੁਨਿਆਦੀ ਗ੍ਰਾਂਟ: $10,000 (GST ਤੋਂ ਬਿਨਾਂ)।** ਆਸਟ੍ਰੇਲੀਆ ਦਿਵਸ ਦੇ ਭਾਈਚਾਰਕ ਸਮਾਗਮ ਨੂੰ ਚਲਾਉਣ ਦੇ ਮੁੱਖ ਖਰਚਿਆਂ ਦੀ ਭਰਪਾਈ ਕਰਦੀ ਹੈ।
- **ਵਾਧੂ ਗ੍ਰਾਂਟ: + $5,000 (GST ਤੋਂ ਬਿਨਾਂ)।** ਮਹੱਤਵਪੂਰਨ ਆਦਿਵਾਸੀ ਅਤੇ/ਜਾਂ ਟੋਰੇਸ ਸਟ੍ਰੇਟ ਆਈਲੈਂਡਰ ਤੱਤਾਂ ਵਾਲੇ ਸਮਾਗਮਾਂ ਲਈ ਵਾਧੂ $5000 (ਬੁਨਿਆਦੀ ਗ੍ਰਾਂਟ ਦੇ ਉੱਪਰ ਦੀ)
- **ਵਿਕਲਪਕ ਗ੍ਰਾਂਟ: $2,000 (GST ਤੋਂ ਬਿਨਾਂ)।** ਛੋਟੇ ਇਕੱਠਾਂ ਲਈ ਜਿੱਥੇ ਮਾਮੂਲੀ ਯੋਗਦਾਨ ਵੱਡਾ ਫਰਕ ਲਿਆਉਂਦਾ ਹੈ।

## ਅਸੀਂ ਕਿੰਨਾਂ ਚੀਜ਼ਾਂ ਲਈ ਮਾਲੀ ਸਹਾਇਤਾ ਦਿੰਦੇ ਹਾਂ

ਇਹ ਗ੍ਰਾਂਟ ਪ੍ਰੋਗਰਾਮ, ਆਸਟ੍ਰੇਲੀਆ ਦਿਵਸ ਦੇ ਉਨ੍ਹਾਂ ਸਮਾਗਮਾਂ ਨੂੰ ਮਾਲੀ ਸਹਾਇਤਾ ਦਿੰਦਾ ਹੈ ਜੋ ਵਿਆਪਕ ਭਾਈਚਾਰਕ ਦੀ ਹਿੱਸੇਦਾਰੀ ਨੂੰ ਸੱਦਾ ਦਿੰਦੇ ਹਨ, ਖਾਸ ਕਰਕੇ ਅਪੰਗਤਾ ਵਾਲੇ ਲੋਕਾਂ ਅਤੇ ਨੌਜਵਾਨਾਂ ਸਮੇਤ, ਅਤੇ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਸਭਿਆਚਾਰਾਂ ਨੂੰ ਆਦਰ ਨਾਲ ਪੇਸ਼ ਕਰਦੇ ਹਨ। ਇਹ ਲੋਕਾਂ ਨੂੰ ਵਿਹਾਰਕ ਤੌਰ 'ਤੇ ਸ਼ਾਮਲ ਕਰਨ ਦੇ ਉਪਾਵਾਂ (ਉਦਾਹਰਨ ਲਈ, ਢਲਾਣਾਂ, ਔਸਲੈਨ ਦੁਭਾਸ਼ੀਏ, ਸੰਵੇਦਨਸ਼ੀਲ ਜਗ੍ਹਾਵਾਂ) ਨੂੰ ਵੀ ਉਤਸ਼ਾਹਿਤ ਕਰਦਾ ਹੈ, ਸਥਾਨਕ ਕਾਰੋਬਾਰਾਂ ਅਤੇ ਭਾਈਚਾਰਕ ਸਮੂਹਾਂ ਨੂੰ ਸਮਾਗਮ ਦੇ ਖਰਚਿਆਂ ਰਾਹੀਂ ਸਹਾਇਤਾ ਕਰਦਾ ਹੈ, ਅਤੇ ਰਾਸ਼ਟਰੀ ਆਸਟ੍ਰੇਲੀਆ ਦਿਵਸ ਦੇ ਸੰਦੇਸ਼, "ਸੋਚਣ, ਸਤਿਕਾਰ ਕਰਨ, ਜਸ਼ਨ ਮਨਾਉਣ" ਨੂੰ ਉਤਸ਼ਾਹਿਤ ਕਰਦਾ ਹੈ। ਮਾਲੀ ਸਹਾਇਤਾ ਦੀ ਵਰਤੋਂ ਪ੍ਰਦਰਸ਼ਨ ਕਰਨ ਵਾਲਿਆਂ, ਪਹੁੰਚਯੋਗਤਾ ਸਹਾਇਤਾ, ਸੁਰੱਖਿਆ ਉਪਾਵਾਂ, ਜਗ੍ਹਾਵਾਂ ਦੇ ਕਿਰਾਏ, ਸਥਾਨਕ ਸਪਲਾਇਰਾਂ ਜਾਂ ਹੋਰ ਖਰਚਿਆਂ ਨੂੰ ਪੂਰਾ ਕਰਨ ਲਈ ਕੀਤੀ ਜਾ ਸਕਦੀ ਹੈ ਜੋ ਇਕ ਸਵਾਗਤੀ, ਉੱਚ-ਗੁਣਵੱਤਾ ਵਾਲਾ ਸਮਾਗਮ ਪੇਸ਼ ਕਰਨ ਵਿੱਚ ਸਹਾਇਤਾ ਕਰਦੇ ਹਨ।

## ਕੌਣ ਅਰਜ਼ੀ ਦੇ ਸਕਦਾ ਹੈ

ਤੁਸੀਂ ਅਰਜ਼ੀ ਦੇ ਸਕਦੇ ਹੋ ਜੇ ਤੁਸੀਂ ਇਹ ਹੋ:

- **ਆਸਟ੍ਰੇਲੀਆ ਦੀ ਸਥਾਨਕ ਕੌਂਸਲ**,
- **ਰਾਜ ਜਾਂ ਕੇਂਦਰੀ ਪ੍ਰਦੇਸ਼ ਦੀ ਸਰਕਾਰੀ ਏਜੰਸੀ**, ਜਾਂ
- **ਆਸਟ੍ਰੇਲੀਆ ਦਾ ਗੈਰ-ਮੁਨਾਫ਼ਾ ਸੰਸਥਾ**।

## ਮੁੱਖ ਲੋੜਾਂ

ਤੁਹਾਡੀ ਸੰਸਥਾ ਕੋਲ ਲਾਜ਼ਮੀ ਤੌਰ 'ਤੇ:

- **ਘੱਟੋ ਘੱਟ $10 ਮਿਲੀਅਨ ਦਾ ਜਨਤਕ ਦੇਣਦਾਰੀ ਬੀਮਾ** ਹੋਵੇ।
- ਸਮਾਗਮ ਦੀ ਮੇਜ਼ਬਾਨੀ ਕਰੇ ਜੋ ਹਰ ਕਿਸੇ ਲਈ ਖੁੱਲ੍ਹਾ ਹੈ ਅਤੇ ਇਸ ਵਿੱਚ ਅਪੰਗਤਾ ਵਾਲੇ ਲੋਕਾਂ ਲਈ ਸਪੱਸ਼ਟ ਪਹੁੰਚਯੋਗਤਾ ਵਾਲੀ ਵਿਸ਼ੇਸ਼ਤਾ ਸ਼ਾਮਲ ਹੈ।
- **'ਸੋਚਣ, ਸਤਿਕਾਰ ਕਰਨ, ਜਸ਼ਨ ਮਨਾਉਣ'** ਵਾਲੇ ਥੀਮ ਨੂੰ ਸਾਂਝਾ ਕਰਨ ਲਈ NADC ਦੁਆਰਾ ਪ੍ਰਵਾਨਿਤ ਸਮੱਗਰੀਆਂ ਦੀ ਵਰਤੋਂ ਕਰੇ।
- ਸਮਾਗਮ ਨੂੰ **ਆਸਟ੍ਰੇਲੀਆ ਡੇਅ ਈਵੈਂਟ ਰਜਿਸਟਰ** ਵਿੱਚ ਸੂਚੀਬੱਧ ਕਰੇ (ਜੇ ਮਾਲੀ ਸਹਾਇਤਾ ਮਿਲਦੀ ਹੈ)।

## ਅਰਜ਼ੀ ਦੀ ਪ੍ਰਕਿਰਿਆ

1. **ਬੁੱਕਮਾਰਕ**: ਸਾਰੀ ਤਾਜ਼ਾ ਜਾਣਕਾਰੀ ਲਗਾਤਾਰ ਲੈਂਦੇ ਰਹਿਣ ਲਈ www.australiaday.org.au/grants ਨੂੰ ਬੁੱਕਮਾਰਕ ਕਰੋ।
2. **ਪੜ੍ਹੋ**: **ਪ੍ਰੋਗਰਾਮ ਦੇ ਦਿਸ਼ਾ ਨਿਰਦੇਸ਼ਾਂ** ਅਤੇ **ਗ੍ਰਾਂਟ ਦੇ ਇਕਰਾਰਨਾਮੇ** ਦੇ ਨਮੂਨੇ ਨੂੰ ਪ੍ਰਕਾਸ਼ਤ ਹੁੰਦੇ ਸਾਰ ਹੀ ਡਾਊਨਲੋਡ ਕਰੋ।
3. **ਅਰਜ਼ੀ ਦਿਓ**: ਜਦੋਂ ਅਰਜ਼ੀਆਂ ਖੁੱਲ੍ਹਦੀਆਂ ਹਨ, ਤਾਂ ਔਨਲਾਈਨ ਅਰਜ਼ੀ ਫਾਰਮ ਦੇ ਉਸੇ ਸਫ਼ੇ 'ਤੇ ਸੁਰੱਖਿਅਤ ਲਿੰਕ ‘ਤੇ ਜਾਓ। ਬੰਦ ਹੋਣ ਵਾਲੀ ਤਰੀਕ ਤੋਂ ਪਹਿਲਾਂ ਅਰਜ਼ੀ ਜਮ੍ਹਾਂ ਕਰੋ।

*ਕਿਸੇ ਵੀ ਸਵਾਲਾਂ ਜਾਂ ਹੋਰ ਜਾਣਕਾਰੀ ਵਾਸਤੇ, ਕਿਰਪਾ ਕਰਕੇ grants@australiaday.org.au **(ਸੰਪਰਕ ਅਧਿਕਾਰੀ)** ਨਾਲ ਸੰਪਰਕ ਕਰੋ।*